ਅਤਿ ਜ਼ਰੂਰੀ
ਮਿਤੀ ਬੱਧ

ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਮਾਲ ਅਮਲਾ-1 ਸਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ।
2. ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸਨਰ।

ਮੀਮੋਨੰ: 2/5/14-ਮਅ-1(1)/ 7709-10
ਚੰਡੀਗੜ੍ਹ, ਮਿਤੀ: 16/6/2020

ਵਿਸ਼ਾ: ਰਜਿਸਟਰ ਬੀ-2 ਵਿੱਚ ਤਹਿਸੀਲਦਾਰ ਉਮੀਦਵਾਰਾਂ ਦੀ ਨਿਯੁਕਤੀ ਕਰਨ ਬਾਰੇ।

***

ਪੰਜਾਬ ਤਹਿਸੀਲਦਾਰ (ਗਰੁੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਡਿਕਸ ਬੀ ਅਨੁਸਾਰ ਤਹਿਸੀਲਦਾਰਾਂ ਦੀਆਂ ਚਾਰ ਆਸਾਮੀਆਂ, ਹੇਠ ਲਿਖੀਆਂ ਕੈਟਾਗਰੀਜ ਵਿਚੋਂ ਭਰਨ ਦੀ ਤਜਵੀਜ਼ ਹੈ:-

(ੳ) ਸੁਪਰਡੰਟ ਗਰੇਡ-2(ਮਾਲ ਤੇ ਨਿਆਂ), ਮੰਡਲਾਂ ਦੇ ਕਮਿਸਨਰਾਂ ਦੇ ਦਫਤਰ ਵਿਚ ।

(ਅ) ਸੁਪਰਡੰਟ ਗਰੇਡ-2 (ਮਾਲ ਤੇ ਰਿਕਾਰਡ), ਜਿਲ੍ਹਿਆਂ ਦੇ ਡਿਪਟੀ ਕਮਿਸਨਰਾਂ ਦੇ ਦਫਤਰ ਵਿਚ ।

(ੲ) ਸੀਨੀਅਰ ਸਹਾਇਕ (ਜੁਡੀਸ਼ੀਅਲ), ਵਿੱਤੀ ਕਮਿਸਨਰਜ਼ ਸਕੱਤਰੇਤ, ਪੰਜਾਬ।

2. ਪੰਜਾਬ ਤਹਿਸੀਲਦਾਰ (ਗਰੁੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਂਡਿਕਸ ਬੀ ਦਾ ਉਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਹੈ:-

(a) XXX XXX XXX

(b) Twenty percent from amongst the persons working on the following posts in the Department of Revene and Rehabilitation whose names are borne on Register B-II-

(i) Superintendents Grade-II (Revenue and Judicial), Commissioners'. offices, having an experience of working for a minimum period of four years;

(ii) Superintendents Grade-II (Revenue and Records) Deputy Commissioners; offices, having an experience of working for a minimum period of four years; and

(iii) Senior Assistant (Judicial) of the Financial Commissioner's Secretariat having a total experience of six years as Senior Assistant/Senior Assistant (Judicial); out of which should have worked for a minimum period of two years as Senior Assistant (Judicial).

3. ਉਪਰੋਕਤ ਨਿਯਮਾਂ ਅਨੁਸਾਰ ਜੋ ਉਮੀਦਵਾਰ ਯੋਗਤਾ /ਤਜਰਬਾ ਪੂਰਾ ਕਰਦੇ ਹੋਣ ਉਨ੍ਹਾਂ ਦੇ ਨਾਵਾਂ ਦੀ ਸਿਫਾਰਸ਼ ਕਰਕੇ ਭੇਜੀ ਜਾਵੇ।

4. ਢੁੱਕਵੀ ਸਿਫਾਰਸ਼ ਨਿਰਧਾਰਤ ਪ੍ਰੋਫਾਰਮੇ ਵਿੱਚ ਪੂਰੇ ਰਿਕਾਰਡ, ਸ਼ੋਹਰਤ ਸਬੰਧੀ ਸਰਟੀਫਿਕੇਟ, ਮੁਕੰਮਲ ਸੇਵਾ ਪੱਤਰੀ ਅਤੇ ਪਿਛਲੇ ਪੰਜ ਸਾਲਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਦੀ ਮਿਸਲ (ਤਸਦੀਕਸ਼ੁਦਾ ਸਾਰ ਸਹਿਤ) ਮਿਤੀ 30.06.2020 ਤੱਕ ਹਰ ਹਾਲਤ ਵਿਚ ਮਾਲ ਅਮਲਾ-1 ਸਾਖਾ ਨੂੰ ਭੇਜੀ ਜਾਵੇ। ਉਮੀਦਵਾਰ

ਬਾਰੇ ਅਨੁਸਾਸਨੀ ਕਾਰਵਾਈ ਦੇ ਕੇਸ/ਪੁਲਿਸ/ਚੌਕਸੀ/ਅਦਾਲਤੀ ਕੇਸ ਜਾਂ ਪੜਤਾਲਾਂ, ਜੋ ਲੰਬਿਤ ਹੋਣ ਜਾਂ ਕੋਈ ਪ੍ਰਭਾਵਿਤ ਸਜਾ ਹੋਵੇ, ਬਾਰੇ ਪੂਰੇ ਵੇਰਵੇ ਭੇਜੇ ਜਾਣ।

5. ਜੇਕਰ ਆਪ ਦੇ ਮੰਡਲ/ਜਿਲ੍ਹੇ/ਦਫਤਰ ਵਿਚ ਤਹਿਸੀਲਦਾਰ ਦੀ ਆਸਾਮੀ ਲਈ ਯੋਗ ਉਮੀਦਵਾਰ ਹੋਵੇ ਪਰ ਆਪ ਵਲੋਂ ਉਸ ਦੇ ਨਾਮ ਦੀ ਸਿਫਾਰਸ਼ ਨਹੀਂ ਕੀਤੀ ਜਾ ਰਹੀ ਹੈ ਤਾਂ ਉਸ ਦੇ ਕਾਰਣ ਵੀ ਸਪਸ਼ਟ ਤੌਰ ਤੇ ਦਰਜ ਕਰਦੇ ਹੋਏ, ਉਸ ਦਾ ਮੁਕੰਮਲ ਰਿਕਾਰਡ ਵੀ ਭੇਜਿਆ ਜਾਵੇ।

ਸੁਪਰਡੰਟ ਗਰੇਡ-1

ਉਤਾਰਾ ਉਪ ਸਕੱਤਰ ਮਾਲ (ਪ੍ਰਸ਼ਾਸ਼ਨ), ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤੀ ਕਮਿਸਨਰ ਸਕੱਤਰੇਤ ਵਿੱਚ ਕੰਮ ਕਰ ਰਹੇ ਸੀਨੀਅਰ ਸਹਾਇਕ/ਸੀਨੀਅਰ ਸਹਾਇਕ (ਜੁਡੀਸ਼ੀਅਲ) ਵਿਚੋਂ ਉਪਰੋਕਤ ਦਰਸਾਏ ਰੂਲਾਂ ਅਨੁਸਾਰ, ਯੋਗ ਉਮੀਦਵਾਰਾਂ ਦੇ ਨਾਮ ਪ੍ਰੋਫਾਰਮੇਂ ਵਿੱਚ ਸਬੰਧਤ ਰਿਕਾਰਡ ਸਹਿਤ ਮਿਤੀ 30.06.2020 ਤੱਕ ਹਰ ਹਾਲ ਵਿੱਚ ਭੇਜਣ ਦੀ ਖੇਚਲ ਕਰਨ।

ਸੁਪਰਡੰਟ ਗਰੇਡ-1

ਸੇਵਾ ਵਿਖੇ,

ਉਪ ਸਕੱਤਰ ਮਾਲ (ਪ੍ਰਸਾਸਨ),
ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ।

ਅੰ. ਵਿ. ਪੱ. ਨੰ: 2/5/14-ਮਅ-1(1)/7711 ਚੰਡੀਗੜ੍ਹ, ਮਿਤੀ: 16/6/2020
ਪਿੱ. ਅੰ. ਨੰ: 2/5/14-ਮਅ-1(1)/7712 ਚੰਡੀਗੜ੍ਹ, ਮਿਤੀ: 16/6/2020

ਇਸ ਦਾ ਇਕ ਉਤਾਰਾ ਪ੍ਰੋਜੈਕਟ ਮੈਨੇਜਰ, ਪੀ. ਐਲ.ਆਰ.ਐਸ., ਮਾਲ ਵਿਭਾਗ ਦੀ ਵੈਬ ਸਾਇਟ ਤੇ ਅਪਲੋਡ ਕਰਨ ਹਿੱਤ।

ਸੁਪਰਡੰਟ ਗਰੇਡ-1